# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.) ਬਠਿੰਡਾ

ਵੱਲ ਯਾਦ ਪੱਤਰ

ਸਮੂਹ ਬੀ.ਪੀ.ਈ.ਓਜ,

ਜਿਲ੍ਹਾ ਬਠਿੰਡਾ

ਪੱਤਰ ਨੰ:- ਰਮਸਅ/IEDSS/2018/2269 ਮਿਤੀ:- 11-9-2018

**ਵਿਸ਼ਾ:-** **ਵਿਸ਼ੇਸ਼ ਲੋੜ੍ਹਾਂ ਵਾਲੇ ਵਿਦਿਆਰਥੀਆਂ ਦੇ ਵਜੀਫੇ ਸਬੰਧੀ।**

ਹਵਾਲਾ:- ਮੁੱਖ ਦਫਤਰ ਦੇ ਮੀਮੋ ਨੰ: ਆਈ.ਈ.ਡੀ/ਸਸਅ/2018/40531-74 ਮਿਤੀ: 06-09-18 ਅਤੇ ਇਸ ਦਫਤਰ ਦੇ ਪੱਤਰ ਨੰ.IEDSS/2018/2262 ਮਿਤੀ:-07-09-2018 ਸਬੰਧੀ।

1. ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2. ਨੌਵੀਂ ਤੋਂ ਦੱਸਵੀਂ (Pre Matric) ਜਮਾਤ ਵਿੱਚ ਪੜ੍ਹਦੇ ਵਿਸ਼ੇਸ਼ ਲੋੜ੍ਹਾਂ ਵਾਲੇ ਵਿਦਿਆਰਥੀਆਂ ਦੇ ਵਜੀਫੇ ਲਈ ਅਪਲਾਈ ਕਰਨ ਦੀ ਆਖਰੀ ਮਿਤੀ 30 ਸਤੰਬਰ 2018 ਅਤੇ ਗਿਆਰਵੀਂ ਤੋਂ ਬਾਰ੍ਹਵੀਂ (Post Matric) ਜਮਾਤ ਵਿੱਚ ਪੜ੍ਹਦੇ ਵਿਸ਼ੇਸ਼ ਲੋੜ੍ਹਾਂ ਵਾਲੇ ਵਿਦਿਆਰਥੀਆਂ ਦੇ ਵਜੀਫੇ ਲਈ ਅਪਲਾਈ ਕਰਨ ਦੀ ਆਖਰੀ ਮਿਤੀ 31 ਅਕਤੂਬਰ 2018 ਹੈ। ਇਸ ਵਜੀਫੇ ਲਈ 40% ਤੋਂ ਜਿਆਦਾ ਅਪੰਗਤਾ ਅਤੇ 2,50,000 ਰੁਪਏ ਤੱਕ ਮਾਪਿਆਂ ਦੀ ਸਲਾਨਾ ਆਮਦਨ ਵਾਲੇ ਵਿਸ਼ੇਸ਼ ਲੋੜ੍ਹਾਂ ਵਾਲੇ ਵਿਦਿਆਰਥੀ eligible ਹਨ। ਇਹਨਾਂ ਦੇ ਫਾਰਮ ਆਨਲਾਈਨ **www.scholarships.gov.in** ਤੇ ਭਰੇ ਜਾਣ।

3. ਇਸ ਤੋਂ ਇਲਾਵਾ ਵਿਸ਼ੇਸ਼ ਲੋੜ੍ਹਾਂ ਵਾਲੀਆਂ ਪਹਿਲੀ ਤੋਂ ਬਾਰ੍ਹਵੀਂ ਜਮਾਤ ਦੀਆਂ ਪੇਂਡੂ ਲੜਕੀਆਂ ਦੇ **ਨਾਲ ਨੱਥੀ** ਵਜੀਫਾ ਫਾਰਮ ਭਰ ਕੇ ਇਸ ਦਫਤਰ ਦੇ ਕਮਰਾ ਨੰ: 457-A, ਰਮਸਅ ਸ਼ਾਖਾ ਵਿਖੇ ਮਿਤੀ 13 ਸਤੰਬਰ 2018 ਤੱਕ ਪਹੁੰਚਾਏ ਜਾਣ।

4. ਵਿਸ਼ੇਸ਼ ਲੋੜ੍ਹਾਂ ਵਾਲੇ ਪਹਿਲੀ ਤੋਂ ਬਾਰ੍ਹਵੀਂ ਜਮਾਤ ਦੇ ਪੇਂਡੂ ਲੜਕੇ ਅਤੇ ਸ਼ਹਿਰੀ ਲੜਕੇ ਤੇ ਲੜਕੀਆਂ ਦੇ **ਨਾਲ ਨੱਥੀ** ਵਜੀਫਾ ਫਾਰਮ ਭਰ ਕੇ ਇਸ ਦਫਤਰ ਦੇ ਕਮਰਾ ਨੰ: 457-A, ਰਮਸਅ ਸ਼ਾਖਾ ਵਿਖੇ ਮਿਤੀ 17 ਸਤੰਬਰ 2018 ਤੱਕ ਪਹੁੰਚਾਏ ਜਾਣ।

5. ਉਕਤ ਦਰਸਾਏ ਅਨੁਸਾਰ ਯੋਗ (eligible) ਵਿਦਿਆਰਥੀਆਂ ਦੀ ਸੂਚੀ ਇਸ ਦਫਤਰ ਦੀ ਈ-ਮੇਲ ਆਈ.ਡੀ. **iedssbti11@gmail.com** ਤੇ ਮਿਤੀ 12 ਸਤੰਬਰ, 2018 ਤੱਕ ਨੱਥੀ ਪ੍ਰਫਾਰਮੇ ਵਿੱਚ ਭਰਕੇ ਭੇਜਣੀ ਯਕੀਨੀ ਬਣਾਈ ਜਾਵੇ। ਕਿਸੇ ਕਿਸਮ ਦੀ ਅਣਗਹਿਲੀ ਜਾਂ ਦੇਰੀ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਆਪ ਜੀ ਦੀ ਹੋਵੇਗੀ।

11/9/18

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਬਠਿੰਡਾ

DSET

ਪਿੰਠ ਅੰਕਣ ਨੰ:- ਉਕਤ ਮਿਤੀ:- ਉਕਤ

ਉਤਾਰਾ ਹੇਠ ਲਿਖਿਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ :-

ਸਮੂਹ ਸਕੂਲ ਮੁਖੀ, ਸਸਸਸ/ਸ ਮਾਡਲ ਸੀ ਸੈਕੰ/ਸਹਸ/ਸਮਿਸ/ਸਪਸ/ਏਡਿਡ ਸਕੂਲ ਵੱਲੋਂ ਆਪਣੇ ਸਕੂਲ ਅਧੀਨ ਪੜ੍ਹਦੇ ਵਿਸ਼ਾ ਅੰਕਿਤ ਵਿਦਿਆਰਥੀਆਂ ਦੇ ਵਜੀਫੇ ਫਾਰਮ ਸਬੰਧਤ ਆਈ.ਈ.ਆਰ.ਟੀਜ ਦੀ ਸਹਾਇਤਾ ਨਾਲ ਭਰੇ ਜਾਣ ਅਤੇ ਪ੍ਰਫਾਰਮੇ ਅਨੁਸਾਰ ਸੂਚਨਾ ਸਬੰਧਤ ਬੀ.ਪੀ.ਈ.ਓਜ ਨੂੰ ਮੁਹੱਈਆ ਕਰਵਾਈ ਜਾਵੇ। ਸਕੂਲਾਂ ਵੱਲੋਂ ਹਰ ਪੱਖੋਂ ਮੁਕੰਮਲ ਵਜੀਫਾ ਫਾਰਮ ਹੀ ਸਬੰਧਤ ਬੀਪੀਓ ਵੱਲੋ ਸਵੀਕਾਰ ਕੀਤੇ ਜਾਣਗੇ। ਸਕੂਲਾਂ ਵੱਲੋਂ ਸਿੱਧੇ ਤੋਰ ਤੇ ਇਸ ਦਫਤਰ ਨੂੰ ਕੋਈ ਜਾਣਕਾਰੀ ਨਾ ਭੇਜੀ ਜਾਵੇ। ਇਸ ਸਬੰਧੀ ਆਪ ਜੀ ਦੇ ਬਲਾਕ ਅਧੀਨ ਕੰਮ ਕਰ ਰਹੇ ਆਈ.ਈ.ਆਰ.ਟੀਜ ਦੀ ਮਦਦ ਲਈ ਜਾਵੇ।

11/9/18

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਬਠਿੰਡਾ

Scanned by CamScanner